# ਖਾਤਾ ਚੁਣਨਾ ਆਸਾਨ ਬਣਿਆ

ਬੈਂਕਿੰਗ ਜੋ ਤੁਹਾਡੇ ਲਈ ਠੀਕ ਹੈ



TD Canada Trust



# ਤੁਹਾਡੀਆਂ ਸਾਰੀਆਂ ਲੋੜਾਂ ਲਈ ਬੈਂਕਿੰਗ ਹਲ

TD ਕੈਨੇਡਾ ਟਰੱਸਟ ਵਿੱਚ, ਅਸੀਂ ਤੁਹਾਡੇ ਲਈ ਬੈਂਕਿੰਗ ਨੂੰ ਆਰਾਮਦੇਹ ਬਣਾਉਣਾ ਚਾਹੁੰਦੇ ਹਾਂ। ਇਸ ਲਈ ਅਸੀਂ ਤੁਹਾਨੂੰ ਲਚਕਦਾਰ ਬੈਂਕਿੰਗ ਚੋਣਾਂ ਦੇ ਨਾਲ ਚੈਕਿੰਗ ਅਤੇ ਬਚਤ ਖਾਤਿਆਂ ਦੀ ਬਹੁਤ ਸਾਰੀਆਂ ਚੋਣਾਂ ਦੀ ਪੇਸ਼ਕਸ਼ ਕਰਦੇ ਹਾਂ ਜਿਸ ਨਾਲ ਤੁਸੀਂ ਆਪਣੇ ਖਾਤੇ ਤਕ ਕਿਸੇ ਵੀ ਸਮੇਂ, ਕਿਸੇ ਵੀ ਥਾਂ ਪਹੁੰਚ ਸਕਦੇ ਹੋ।

ਸਾਡੇ ਸਾਰੇ ਖਾਤੇ ਤੁਹਾਡੀਆਂ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤੇ ਜਾਂਦੇ ਹਨ, ਇਸ ਲਈ ਉਸ ਇੱਕ ਨੂੰ ਚੁਣੋ ਜੋ ਤੁਹਾਡੇ ਲਈ ਠੀਕ ਹੈ। ਇਸ ਬਰੋਸ਼ਰ ਵਿੱਚ ਤੁਹਾਨੂੰ ਇੱਕ ਆਸਾਨ ਤੁਲਨਾਤਮਕ ਚਾਰਟ ਮਿਲੇਗਾ ਜੋ ਤੁਹਾਨੂੰ ਮਦਦ ਕਰੇਗਾ ਇੱਕ ਨਜ਼ਰ ਵੇਖਣ ਵਿੱਚ ਕਿ ਤੁਹਾਡੇ ਵਲੋਂ ਭਾਲ ਕੀਤੀਆਂ ਜਾ ਰਹੀਆਂ ਵਿਸ਼ੇਸ਼ਤਾਵਾਂ ਕਿਸ ਖਾਤੇ ਵਿੱਚ ਹਨ।

ਤੁਸੀਂ ਸਾਡੀ ਔਨਲਾਈਨ ਚੈਕਿੰਗ ਐਕਾਊਂਟ ਸੀਲੈਕਟਰ (Chequing Account Selector) ਨੂੰ ਵੀ ਰੈਫਰ ਕਰ ਸਕਦੇ ਹੋ, TD ਕੈਨੇਡਾ ਟਰੱਸਟ ਚੈਕਿੰਗ ਐਕਾਊਂਟ ਚੁਣਨ ਵਿੱਚ ਮਦਦ ਲੈਣ ਲਈ। ਕੇਵਲ **www.tdcanadatrust.com/accounts** ਉਤੇ ਜਾਓ।



# ਬੈਂਕਿੰਗ ਆਪਣੇ ਤਰੀਕੇ ਨਾਲ ਕਰੋ



ਆਪਣੇ ਖਾਤੇ ਦੇ ਲੈਣ-ਦੇਣ ਨੂੰ ਜਿਸ ਤਰ੍ਹਾਂ ਤੁਸੀਂ ਚਾਹੁੰਦੇ ਹੋ, ਉਸੇ ਤਰ੍ਹਾਂ ਕਰਨ ਦੀ ਚੋਣ ਕਰੋ। ਆਪਣੇ ਆਪ ਕਰਨ ਲਈ ਸਾਡੀਆਂ ਬੈਂਕਿੰਗ ਚੋਣਾਂ ਦੀ ਵਰਤੋਂ ਕਰੋ ਜਾਂ ਸਾਡੇ ਦੋਸਤਾਨਾ, ਮਾਹਿਰ ਸਟਾਫ ਦੀ ਇੱਕ-ਨਾਲ-ਇੱਕ ਸਹਾਇਤਾ ਦਾ ਲਾਭ ਚੁੱਕੋ।

ਜਿਆਦਾ ਸ਼ਾਖਾਵਾਂ ਉਤੇ ਹੋਰ ਲੰਮੇ ਘੰਟਿਆਂ, ਕਿਸੇ ਵੀ ਸ਼ਾਖਾ ਉਤੇ ਬੈਂਕਿੰਗ ਦੀ ਲਚਕਤਾ, ਅਤੇ 24-ਘੰਟੇ ਦਾ ABM, ਟੈਲੀਫੋਨ ਅਤੇ ਇੰਟਰਨੈਟ ਪਹੁੰਚ ਦੇ ਨਾਲ, ਤੁਸੀਂ ਕਦੇ ਵੀ, ਕਿਧਰੇ ਵੀ ਅਤੇ ਜਿਵੇਂ ਵੀ ਤੁਸੀਂ ਚਾਹੁੰਦੇ ਹੋ, ਬੈਂਕ ਕਰ ਸਕਦੇ ਹੋ।

## ਈਜ਼ੀ ਸਵਿੱਚ ਐਕਾਉਂਟ ਟਰਾਂਸਫਰ ਸਰਵਿਸ (EasySwitch™ account transfer service)

ਜੇਕਰ ਤੁਸੀਂ ਕਿਸੇ ਵੀ ਹੋਰ ਵਿੱਤੀ ਸੰਸਥਾ ਤੋਂ ਆਪਣਾ ਚੈਕਿੰਗ ਜਾਂ ਸੇਵਿੰਗ ਐਕਾਉਂਟ, TD ਕੈਨੇਡਾ ਟਰਸੱਟ ਵਿੱਚ ਬਦਲੀ ਕਰਨਾ ਚਾਹੁੰਦੇ ਹੋ, ਅਸੀਂ ਉਸਦੀ ਜਿੰਮੇਵਾਰੀ ਲੈ ਲਵਾਂਗੇ। ਸਾਡੀ ਈਜ਼ੀ ਸਵਿੱਚ ਸਰਵਿਸ ਦੇ ਨਾਲ, ਅਸੀਂ ਤੁਹਾਡੇ ਖਾਤਿਆਂ ਦੇ ਟਰਾਂਸਫਰ ਨੂੰ ਸੰਚਾਲਿਤ ਕਰਾਂਗੇ, ਜਿਸ ਵਿੱਚ ਸ਼ਾਮਿਲ ਹੈ ਪੂਰਵ-ਅਧਿਕਾਰਿਤ ਪੈਅਮੈਂਟਾਂ ਅਤੇ ਸਿੱਧੇ ਡਿਪਾਜ਼ਿਟ।[1] ਇਹ ਬੇਜੋੜ ਅਤੇ ਆਸਾਨ ਹੈ।



# ਬੈਂਕ ਕਰਨ ਦੇ ਲਚਕਦਾਰ ਤਰੀਕੇ

### ਈਜ਼ੀ ਵੈਬ ਇੰਟਰਨੈਟ ਬੈਂਕਿੰਗ (EasyWeb™ Internet banking) ਨਾਲ ਔਨਲਾਈਨ ਬੈਂਕ ਕਰੋ

ਸਾਡੀ ਐਵਾਰਡ-ਜੇਤੂ, ਵਿਸਤਰਤ ਵੈਬਸਾਈਟ ਉਤੇ ਆਪਣੇ TD ਕੈਨੇਡਾ ਟਰਸੱਟ ਐਕਾਉਂਟ ਦਾ ਸੰਚਾਲਨ ਕਰੋ। ਸਾਡੀ ਈਜ਼ੀ ਵੈਬ ਸੁਰੱਖਿਆ ਗਾਰੰਟੀ (EasyWeb Security Guarantee) ਯਕੀਨੀ ਬਣਾਉਂਦੀ ਹੈ ਕਿ ਅਣਅਧਿਕਾਰਿਤ ਈਜ਼ੀ ਵੈਬ ਐਕਟਿਵਿਟੀ ਦੇ ਨਤੀਜੇ ਵਜੋਂ ਹੋਣ ਵਾਲੇ ਐਕਾਉਂਟ ਘਾਟਿਆਂ ਦੀ ਕਿਸੇ ਵੀ ਅਸੰਭਾਵੀ ਘਟਨਾ 'ਤੇ ਤੁਹਾਨੂੰ 100% ਵਾਪਸੀ ਹੋਵੇਗੀ।[2]

### ਈਜ਼ੀ ਲਾਈਨ ਟੈਲੀਫੋਨ ਬੈਂਕਿੰਗ (EasyLine™ telephone banking) ਨਾਲ ਫੋਨ ਉਤੇ ਬੈਂਕ ਕਰੋ

ਅਜਿਹੀ ਕੋਈ ਵੀ ਚੀਜ਼ ਜੋ ਤੁਸੀਂ ਸ਼ਾਖਾ ਵਿੱਚ ਕਰਦੇ ਹੋ, ਫੋਨ ਤੇ ਹੀ ਕਰੋ। ਆਟੋਮੇਟਿਡ ਸਿਸਟਮ ਦੀ ਚੋਣ ਕਰੋ ਜਾਂ ਆਪਣੀ ਦਿਨ-ਬ-ਦਿਨ ਬੈਂਕਿੰਗ, ਨਿਵੇਸ਼ ਅਤੇ ਕਰਜ਼ੇ[3] ਦੀਆਂ ਲੋੜਾਂ ਲਈ ਦਿਨ ਵਿੱਚ 24 ਘੰਟੇ, ਹਫਤੇ ਵਿੱਚ ਸੱਤ ਦਿਨ ਇੱਕ ਈਜ਼ੀ ਲਾਈਨ ਸਪੈਸ਼ਲਿਸਟ ਨਾਲ ਗੱਲ ਕਰੋ।

### TD ਕੈਨੇਡਾ ਟਰਸੱਟ ਸ਼ਾਖਾ ਉਤੇ ਬੈਂਕ ਕਰੋ

ਸਾਡੀਆਂ ਸ਼ਾਖਾਵਾਂ ਉਤੇ ਹੋਰ ਲਚਕਦਾਰ ਬੈਂਕਿੰਗ ਘੰਟਿਆਂ ਦਾ ਆਨੰਦ ਮਾਣੋ, ਜੋ ਕਿ ਕੈਨੇਡਾ ਵਿੱਚ ਕਿਸੇ ਹੋਰ ਬੈਂਕ ਨਾਲੋਂ 50% ਜਿਆਦਾ ਖੁਲ੍ਹਦੇ ਹਨ।[4] ਕਿਸੇ ਵੀ ਚੋਣਵੀਂ TD ਕੈਨੇਡਾ ਟਰਸੱਟ ਸ਼ਾਖਾ ਉਤੇ ਬੈਂਕ ਕਰਨ ਲਈ ਆਪਣੇ ਐਸੇਸ ਕਾਰਡ (Access Card) ਦੀ ਵਰਤੋਂ ਕਰੋ।

### ਗਰੀਨ ਮਸ਼ੀਨ (Green Machine®) ABM ਨਾਲ ਬੈਂਕ ਕਰੋ

ਆਸਾਨੀ ਨਾਲ ਕਢਵਾਓ, ਜਮਾਂ ਕਰੋ, ਬਿਲ ਭੁਗਤਾਓ ਅਤੇ ਐਕਾਉਂਟ ਟਰਾਂਸਫਰ ਕਰੋ।

### *ਇੰਟਰੈਕ* ਡਾਇਰੈਕਟ ਪੇਅਮੈਂਟ (*Interac* Direct Payment®)

ਆਸਾਨੀ ਅਤੇ ਸੁਰੱਖਿਅਤ ਢੰਗ ਨਾਲ ਖਰੀਦਦਾਰੀ ਕਰੋ – ਬਿਨਾਂ ਕੈਸ਼ ਲਿਜਾਏ।

### *ਇੰਟਰੈਕ* ਈ-ਮੇਲ ਮਨੀ ਟਰਾਂਸਫਰ (*Interac* Email Money Transfer)

ਈਜ਼ੀ ਵੈਬ ਦੀ ਵਰਤੋਂ ਕਰਕੇ ਆਪਣੇ ਖਾਤੇ ਤੋਂ ਕਿਸੇ ਨੂੰ ਵੀ ਸਿੱਧੇ ਪੈਸੇ ਭੇਜੋ ਜਿਸ ਕੋਲ ਈ-ਮੇਲ ਪਤਾ ਹੈ ਅਤੇ ਕਿਸੀ ਕੈਨੇਡੀਅਨ ਵਿੱਤੀ ਸੰਸਥਾ ਵਿੱਚ ਖਾਤਾ ਹੈ।

**NYCE®[1] ਡੈਬਿਟ ਪੇਅਮੈਂਟ ਖਰੀਦਦਾਰੀ U.S. ਵਿੱਚ**

U.S. ਵਿੱਚ ਇੱਕ ਮਿਲੀਅਨ ਤੋਂ ਵੱਧ ਰਿਟੇਲ ਥਾਵਾਂ ਉਤੇ ਡੈਬਿਟ ਖਰੀਦਦਾਰੀ ਕਰੋ।

**ਆਸਾਨ ਚੈਕ-ਲਿਖਣਾ ਅਤੇ ਪੂਰਵ-ਅਧਿਕਾਰਿਤ ਭੁਗਤਾਨ**

TD ਕੈਨੇਡਾ ਟਰੱਸਟ ਤੁਹਾਨੂੰ ਚੈਕ-ਲਿਖਣ ਅਤੇ ਪੂਰਵ - ਅਧਿਕਾਰਿਤ ਭੁਗਤਾਨਾਂ ਦਾ ਆਰਾਮ ਪ੍ਰਦਾਨ ਕਰਦਾ ਹੈ।

# ਟਰੈਕ ਰੱਖਣ ਦੇ ਆਸਾਨ ਤਰੀਕੇ

ਸਾਡੇ ਕੋਲ ਕਈ ਆਸਾਨ ਰਿਕਾਰਡਕੀਪਿੰਗ ਚੋਣਾਂ ਹਨ -

- ☑ **ਫਰੀ ਪੇਪਰਲੈਸ ਰਿਕਾਰਡਕੀਪਿੰਗ** - ਆਪਣੀ ਖੁਦ ਦੀ ਸਹੂਲੀਅਤ ਨਾਲ ਐਕਾਊਂਟ ਐਕਟਿਵਿਟੀ ਦਾ ਪਤਾ ਰਖੋ, ਜਿਸ ਤਰੀਕੇ ਤੁਸੀਂ ਚਾਹੁੰਦੇ ਹੋ: ਵੈਬ, ਫੋਨ ਜਾਂ ਕਿਸੇ TD ਕੈਨੇਡਾ ਟਰੱਸਟ ਸ਼ਾਖਾ[5] ਉਤੇ। ਇਹ ਆਸਾਨ ਅਤੇ ਵਾਤਾਵਰਣ ਲਈ ਚੰਗਾ ਹੈ। ਕਿਰਪਾ ਕਰਕੇ ਨੋਟ ਕਰੋ ਕਿ ਤੁਹਾਨੂੰ ਕੋਈ ਪ੍ਰਿੰਟ ਜਾਂ ਇਲੈਕਟਰੌਨਿਕ ਸਟੇਟਮੈਂਟਾਂ ਨਹੀਂ ਭੇਜੀਆਂ ਜਾਣਗੀਆਂ।
- ☑ **ਫਰੀ ਵਿਊ ਚੈਕ ਸਰਵਿਸ** - ਈਜ਼ੀ ਵੈਬ ਦੇ ਰਾਹੀਂ, ਤੁਸੀਂ ਚੈਕ ਦੀਆਂ ਕਾਪੀਆਂ ਵੇਖ, ਪ੍ਰਿੰਟ ਅਤੇ ਬਚਾ ਸਕਦੇ ਹੋ ਜੋ ਕਿ ਤੁਹਾਡੇ ਕੈਨੇਡੀਅਨ ਜਾਂ U.S. ਖਾਤੇ ਵਿਚੋਂ ਪਿਛਲੇ 90 ਦਿਨਾਂ ਵਿੱਚ ਕਲੀਅਰ ਹੋਏ ਹਨ।[6] ਇਹ ਸੇਵਾ ਈਜ਼ੀ ਵੈਬ ਪੇਪਰਲੈਸ ਰਿਕਾਰਡਕੀਪਿੰਗ ਵਾਲੇ ਨਿਜੀ ਗਾਹਕਾਂ ਲਈ ਮੁਫਤ ਹੈ, ਅਤੇ $1.50 ਪ੍ਰਤੀ ਚੈਕ ਇਮੇਜ, ਜੇ ਤੁਹਾਡੇ ਕੋਲ ਪਾਸਬੁੱਕ ਹੈ ਜਾਂ ਤੁਸੀਂ ਮਾਸਿਕ ਪ੍ਰਿੰਟਸ਼ੁਦਾ ਸਟੇਟਮੈਂਟ ਪ੍ਰਾਪਤ ਕਰਦੇ ਹੋ।[7]
- ☑ **ਈਜ਼ੀ ਵੈਬ ਐਕਾਊਂਟ ਹਿਸਟਰੀ** - ਈਜ਼ੀ ਵੈਬ ਗਾਹਕ ਵਜੋਂ, ਤੁਸੀਂ ਪਿਛਲੇ 18 ਮਹੀਨਿਆਂ ਦੇ ਆਪਣੇ ਸਾਰੇ ਐਕਾਊਂਟ ਬੈਲੇਂਸ ਅਤੇ ਲੈਣ-ਦੇਣ ਵੇਖ ਅਤੇ ਪ੍ਰਿੰਟ ਕਰ ਸਕਦੇ ਹੋ, ਜਦੋਂ ਵੀ ਤੁਸੀਂ ਚਾਹੋ।

ਤੁਸੀਂ ਡਾਕ ਰਾਹੀਂ ਪ੍ਰਿੰਟਸ਼ੁਦਾ ਮਾਸਿਕ ਸਟੇਟਮੈਂਟਾਂ ਵੀ ਪ੍ਰਾਪਤ ਕਰ ਸਕਦੇ ਹੋ ਅਤੇ ਕਿਸੇ ਵੀ ਸ਼ਾਖਾ ਜਾਂ ABM ਤੋਂ ਪਾਸਬੁੱਕਾਂ ਅਪਡੇਟ ਕਰਾ ਸਕਦੇ ਹੋ।



# ਵਾਧੂ ਸੇਵਾਵਾਂ

## ਆਟੋਮੈਟਿਕ ਟਰਾਂਸਫਰਾਂ

ਤੁਹਾਡੀਆਂ ਦਿਨ-ਬ-ਦਿਨ ਦੀਆਂ ਵਿੱਤੀ ਲੋੜਾਂ ਦਾ ਸੰਚਾਲਨ ਕਰਨਾ, ਬਿਲਾਂ ਦਾ ਭੁਗਤਾਨ ਕਰਨਾ ਜਾਂ ਆਪਣੀ ਲੋੜੀਂਦੀਆਂ ਚੀਜ਼ਾਂ ਸੇਵ ਕਰਨਾ ਆਸਾਨ ਬਣਾਉਂਦਾ ਹੈ।

- ਕਿਸੀ TD ਕੈਨੇਡਾ ਟਰੱਸਟ ਐਕਾਊਂਟ ਤੋਂ ਕਿਸੇ ਹੋਰ TD ਕੈਨੇਡਾ ਟਰੱਸਟ ਐਕਾਊਂਟ ਜਾਂ ਕਿਸੇ ਹੋਰ ਵਿੱਤੀ ਸੰਸਥਾ ਦੇ ਐਕਾਊਂਟ ਵਿਚੋਂ ਆਟੋਮੈਟਿਕ ਟਰਾਂਸਫਰਾਂ ਸੈਟ ਕਰੋ।[8] ਕਿੰਨੀ ਵਾਰ ਕਰਨਾ ਹੈ, ਇਹ ਤੁਹਾਡੇ ਉਤੇ ਹੈ - ਮਾਸਿਕ, ਪੰਦਰਵਾੜਾ ਜਾਂ ਹਫਤਾਵਾਰੀ
- ਆਸਾਨ ਤਰੀਕਿਆਂ ਨਾਲ ਬਿਲਾਂ ਦਾ ਭੁਗਤਾਨ ਕਰੋ, ਤੁਹਾਡੇ ਖਾਤੇ ਵਿਚੋਂ ਸਿੱਧਾ ਆਪਣੇ ਆਪ ਪੈਸਾ ਆਉਂਦੇ ਹੋਏ
- ਆਪਣੇ ਨਿਜੀ TD ਕੈਨੇਡਾ ਟਰੱਸਟ ਚੈਕਿੰਗ ਜਾਂ ਬਚਤ ਖਾਤੇ ਵਿੱਚ ਆਪਣਾ ਪੇਅਚੈਕ ਜਾਂ ਪੈਨਸ਼ਨ ਸਿੱਧੇ ਜਮਾਂ ਕਰੋ

## ਓਵਰਡਰਾਫਟ ਪ੍ਰੋਟੈਕਸ਼ਨ[9]

ਅਸੀਂ ਆਪਣੇ ਕਿਸੇ ਵੀ ਚੈਕਿੰਗ ਖਾਤੇ ਵਿੱਚ[10] ਓਵਰਡਰਾਫਟ ਪ੍ਰੋਟੈਕਸ਼ਨ ਦੇ ਦੋ ਤਰੀਕੇ ਪੇਸ਼ ਕਰਦੇ ਹਾਂ ਤਾਂ ਕਿ ਤੁਸੀਂ ਸ਼ਾਂਤੀ ਦਾ ਆਨੰਦ ਮਾਣ ਸਕੋ -

- ਓਵਰਡਰਾਫਟ ਪ੍ਰੋਟੈਕਸ਼ਨ ਦੀ ਕੀਮਤ ਕੇਵਲ $3♦ ਪ੍ਰਤੀ ਮਹੀਨਾ ਹੈ। ਪੂਰੇ ਸਾਲ ਦੀ ਸੁਰੱਖਿਆ ਇੱਕ ਚੈਕ ਉਤੇ NSF ਫੀਸ ਤੋਂ ਵੀ ਘੱਟ ਕੀਮਤ ਦੀ ਹੋ ਸਕਦੀ ਹੈ
- ਪੇਅ-ਐਸ-ਯੂ-ਗੋਅ ਓਵਰਡਰਾਫਟ ਪ੍ਰੋਟੈਕਸ਼ਨ (Pay-As-You-Go Overdraft Protection) ਇੱਕ ਲੋੜ ਅਨੁਸਾਰ ਤਿਆਰ ਕੀਤੀ ਗਈ ਸਕੀਮ ਹੈ ਉਹਨਾਂ ਲਈ ਜਿਨ੍ਹਾਂ ਨੂੰ ਓਵਰਡਰਾਫਟ ਪ੍ਰੋਟੈਕਸ਼ਨ ਦੀ ਕਦੇ-ਕਦੇ ਲੋੜ ਪੈ ਸਕਦੀ ਹੈ। ਇਸਦੀ ਕੀਮਤ ਫਲੈਟ $5 ਪ੍ਰਤੀ ਟਰਾਂਸੈਕਸ਼ਨ ਹੈ (ਅਧਿਕਤਮ $5 ਪ੍ਰਤੀ ਦਿਨ)। ਇਹ ਤੁਸੀਂ ਅਦਾ ਕਰੋਗੇ ਜਦੋਂ ਤੁਸੀਂ ਇਸਦੀ ਵਰਤੋਂ ਕਰੋਗੇ, ਲੇਕਿਨ ਸੁਰੱਖਿਆ ਹਮੇਸ਼ਾ ਰਹਿੰਦੀ ਹੈ
- ਦੋਵੇਂ ਤਰ੍ਹਾਂ ਦੀ ਓਵਰਡਰਾਫਟ ਪ੍ਰੋਟੈਕਸ਼ਨ ਲਈ ਸਾਡੇ ਵਿਆਜ ਦਾ ਮਿਆਰੀ ਦਰ 21% ਸਾਲਾਨਾ ਹੈ



# ਤੁਹਾਡੇ ਲਈ ਕਿਹੜਾ ਖਾਤਾ ਠੀਕ ਹੈ?

ਸਾਡਾ ਤੁਲਨਾਤਮਕ ਚਾਰਟ ਤੁਹਾਨੂੰ ਇੱਕ ਨਜ਼ਰ ਵਿੱਚ ਸਾਡੇ ਹਰੇਕ ਚੈਕਿੰਗ ਅਤੇ ਬਚਤ ਖਾਤਿਆਂ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਦਰਸਾਏਗਾ। ਕੇਵਲ ਉਸਦੀ ਚੋਣ ਕਰੋ ਜੋ ਤੁਹਾਡੀਆਂ ਲੋੜਾਂ ਲਈ ਠੀਕ ਹੈ।



# ਚੈਕਿੰਗ ਐਕਾਊਂਟਸ[11]

ਆਪਣੇ ਦਿਨ-ਬ-ਦਿਨ ਦੀਆਂ ਵਿੱਤੀ ਲੋੜਾਂ ਦਾ ਪ੍ਰਬੰਧ ਕਰਨ ਲਈ ਕਿਸੇ ਸੁਖੈਨ ਰਾਹ ਦੀ ਭਾਲ ਕਰ ਰਹੇ ਹੋ? ਸਾਡੇ ਚੈਕਿੰਗ ਐਕਾਊਂਟ ਵਿੱਚ ਹੈ ਜੋ ਤੁਹਾਨੂੰ ਆਪਣੇ ਬਿਲ ਭੁਗਤਾਨਾਂ, ਡਿਪਾਜ਼ਿਟ, ਵਿਦਡਰਾਅਲ ਅਤੇ ਹੋਰ ਰੋਜ਼ਾਨਾ ਦੇ ਵਿੱਤੀ ਮਾਮਲਿਆਂ ਦੀ ਸੰਭਾਲ ਕਰਨ ਲਈ ਲੋੜ ਹੈ।

| ਸਿਲੈਕਟ ਸਰਵਿਸ (Select Service) | ਇਨਫਿਨਿਟੀ ਐਕਾਊਂਟ (Infinity Account) | ਵੈਲਯੂ ਪਲਸ ਐਕਾਊਂਟ (Value Plus Account) | ਵੈਲਯੂ ਐਕਾਊਂਟ (Value Account) | ਪਲੈਨ 60 (Plan 60) |
|---|---|---|---|---|
| ਸਾਡਾ ਪ੍ਰੀਮੀਅਮ ਐਕਾਊਂਟ। ਅਸੀਮਿਤ ਟਰਾਂਸੈਕਸ਼ਨਾਂ ਅਤੇ ਕਈ ਹੋਰ ਬਚਤਾਂ ਦਾ ਲਾਭ ਚੁੱਕੋ। | ਅਸੀਮਿਤ ਟਰਾਂਸੈਕਸ਼ਨਾਂ ਦਾ ਮਤਲਬ ਹੈ ਬਹੁਤ ਕ੍ਰਿਆਸ਼ੀਲ ਖਾਤਿਆਂ ਵਿੱਚ ਵੱਡੀਆਂ ਬਚਤਾਂ। | ਜੇ ਤੁਸੀਂ ਆਪਣੇ ਐਕਾਊਂਟ ਦੀ ਅਕਸਰ ਵਰਤੋਂ ਕਰਦੇ ਹੋ, ਇਹ ਤੁਹਾਡੇ ਲਈ ਬਿਹਤਰੀਨ ਕੀਮਤ ਵਾਲਾ ਹੋ ਸਕਦਾ ਹੈ। | ਇੱਕ ਵਧੀਆ ਮੁੱਲ ਵਾਲਾ ਜੇ ਤੁਸੀਂ ਕੋਈ ਲੈਣ-ਦੇਣ ਨਹੀਂ ਕਰਦੇ। | ਜੇ ਤੁਸੀਂ 60 ਜਾਂ ਉਤੇ ਦੇ ਹੋ, ਇਸ ਖਾਸ ਐਕਾਊਂਟ ਦਾ ਆਨੰਦ ਮਾਣੋ ਜਿਸ ਵਿੱਚ ਮੁਫਤ ਸੇਵਾਵਾਂ ਅਤੇ ਛੋਟਾਂ ਹਨ। |
| **ਟਰਾਂਸੈਕਸ਼ਨਾਂ ਵਿੱਚ ਸ਼ਾਮਿਲ ਹੈ** | **ਟਰਾਂਸੈਕਸ਼ਨਾਂ ਵਿੱਚ ਸ਼ਾਮਿਲ ਹੈ** | **ਟਰਾਂਸੈਕਸ਼ਨਾਂ ਵਿੱਚ ਸ਼ਾਮਿਲ ਹੈ** | **ਟਰਾਂਸੈਕਸ਼ਨਾਂ ਵਿੱਚ ਸ਼ਾਮਿਲ ਹੈ** | **ਟਰਾਂਸੈਕਸ਼ਨਾਂ ਵਿੱਚ ਸ਼ਾਮਿਲ ਹੈ** |
| ▪ ਅਸੀਮਿਤ<br>▪ ਸ਼ਾਮਿਲ ਹਨ ਅਸੀਮਿਤ *ਇੰਟਰੈਕ* ਅਤੇ *ਪਲਸ*[†] ਸਿਸਟਮ ABM ਵਿਦਡਰਾਅਲਸ[12] | ▪ ਅਸੀਮਿਤ | ▪ 25 ਸ਼ਾਮਿਲ<br>▪ ਵਾਧੂ ਟਰਾਂਸੈਕਸ਼ਨਾਂ 65¢ ਪ੍ਰਤੀ ਇੱਕ | ▪ 10 ਸ਼ਾਮਿਲ<br>▪ ਵਾਧੂ ਟਰਾਂਸੈਕਸ਼ਨਾਂ 65¢ ਪ੍ਰਤੀ ਇੱਕ | ▪ ਅਸੀਮਿਤ |
| **ਵਾਧੂ ਫੀਸਾਂ** | **ਵਾਧੂ ਫੀਸਾਂ** | **ਵਾਧੂ ਫੀਸਾਂ** | **ਵਾਧੂ ਫੀਸਾਂ** | **ਵਾਧੂ ਫੀਸਾਂ** |
| ▪ *ਇੰਟਰੈਕ* ਈ-ਮੇਲ ਮਨੀ ਟਰਾਂਸਫਰਾਂ ਭੇਜਣ ਉਤੇ ਹਰੇਕ ਤੇ $1.50 | ▪ *ਇੰਟਰੈਕ* ABM $1.50 ਹਰੇਕ<br>▪ *ਪਲਸ* ਸਿਸਟਮ (U.S. ਅਤੇ ਮੈਕਸਿਕੋ ਵਿੱਚ) $3 ਪ੍ਰਤੀ ਇੱਕ, ਕਿਸੇ ਵੀ TD ਬੈਂਕਨਾਰਥ (TD Banknorth) ABM ਉਤੇ ਮੁਫਤ<br>▪ *ਪਲਸ* ਸਿਸਟਮ (ਕੈਨੇਡਾ, U.S. ਅਤੇ ਮੈਕਸਿਕੋ ਤੋਂ ਬਾਹਰ) $5 ਪ੍ਰਤੀ ਇੱਕ<br>▪ *ਇੰਟਰੈਕ* ਈ-ਮੇਲ ਮਨੀ ਟਰਾਂਸਫਰਾਂ ਭੇਜਣ ਉਤੇ $1.50 ਪ੍ਰਤੀ ਇੱਕ | ▪ *ਇੰਟਰੈਕ* ABM $1.50 ਹਰੇਕ<br>▪ *ਪਲਸ* ਸਿਸਟਮ (U.S. ਅਤੇ ਮੈਕਸਿਕੋ ਵਿੱਚ) $3 ਪ੍ਰਤੀ ਇੱਕ, ਕਿਸੇ ਵੀ TD ਬੈਂਕਨਾਰਥ ABM ਉਤੇ ਮੁਫਤ<br>▪ *ਪਲਸ* ਸਿਸਟਮ (ਕੈਨੇਡਾ, U.S. ਅਤੇ ਮੈਕਸਿਕੋ ਤੋਂ ਬਾਹਰ) $5 ਪ੍ਰਤੀ ਇੱਕ<br>▪ *ਇੰਟਰੈਕ* ਈ-ਮੇਲ ਮਨੀ ਟਰਾਂਸਫਰਾਂ ਭੇਜਣ ਉਤੇ $1.50 ਪ੍ਰਤੀ ਇੱਕ | ▪ *ਇੰਟਰੈਕ* ABM $1.50 ਹਰੇਕ<br>▪ *ਪਲਸ* ਸਿਸਟਮ (U.S. ਅਤੇ ਮੈਕਸਿਕੋ ਵਿੱਚ) $3 ਪ੍ਰਤੀ ਇੱਕ, ਕਿਸੇ ਵੀ TD ਬੈਂਕਨਾਰਥ ABM ਉਤੇ ਮੁਫਤ<br>▪ *ਪਲਸ* ਸਿਸਟਮ (ਕੈਨੇਡਾ, U.S. ਅਤੇ ਮੈਕਸਿਕੋ ਤੋਂ ਬਾਹਰ) $5 ਪ੍ਰਤੀ ਇੱਕ<br>▪ *ਇੰਟਰੈਕ* ਈ-ਮੇਲ ਮਨੀ ਟਰਾਂਸਫਰਾਂ ਭੇਜਣ ਉਤੇ $1.50 ਪ੍ਰਤੀ ਇੱਕ | ▪ *ਇੰਟਰੈਕ* ABM $1.50 ਹਰੇਕ<br>▪ *ਪਲਸ* ਸਿਸਟਮ (U.S. ਅਤੇ ਮੈਕਸਿਕੋ ਵਿੱਚ) $3 ਪ੍ਰਤੀ ਇੱਕ, ਕਿਸੇ ਵੀ TD ਬੈਂਕਨਾਰਥ ABM ਉਤੇ ਮੁਫਤ<br>▪ *ਪਲਸ* ਸਿਸਟਮ (ਕੈਨੇਡਾ, U.S. ਅਤੇ ਮੈਕਸਿਕੋ ਤੋਂ ਬਾਹਰ) $5 ਪ੍ਰਤੀ ਇੱਕ<br>▪ *ਇੰਟਰੈਕ* ਈ-ਮੇਲ ਮਨੀ ਟਰਾਂਸਫਰਾਂ ਭੇਜਣ ਉਤੇ $1.50 ਪ੍ਰਤੀ ਇੱਕ |
| **ਰਿਕਾਰਡਕੀਪਿੰਗ ਚੋਣਾਂ** | **ਰਿਕਾਰਡਕੀਪਿੰਗ ਚੋਣਾਂ** | **ਰਿਕਾਰਡਕੀਪਿੰਗ ਚੋਣਾਂ** | **ਰਿਕਾਰਡਕੀਪਿੰਗ ਚੋਣਾਂ** | **ਰਿਕਾਰਡਕੀਪਿੰਗ ਚੋਣਾਂ** |
| ▪ ਪੇਪਰਲੈਸ: ਮੁਫਤ<br>▪ ਮਾਸਿਕ ਸਟੇਟਮੈਂਟ: ਮੁਫਤ<br>▪ ਪਾਸਬੁੱਕ[13]: ਮੁਫਤ<br>▪ ਚੈਕ ਇਮੇਜ ਰਿਟਰਨ[14,15]: ਮੁਫਤ<br>▪ ਵਿਊ ਚੈਕ: $1.50 ਪ੍ਰਤੀ ਇਮੇਜ, ਪੇਪਰਲੈਸ ਨਾਲ ਮੁਫਤ | ▪ ਪੇਪਰਲੈਸ: ਮੁਫਤ<br>▪ ਮਾਸਿਕ ਸਟੇਟਮੈਂਟ: ਮੁਫਤ<br>▪ ਪਾਸਬੁੱਕ[13]: $2.25 ਪ੍ਰਤੀ ਮਹੀਨਾ<br>▪ ਚੈਕ ਇਮੇਜ ਰਿਟਰਨ[14]: $2 ਪ੍ਰਤੀ ਮਹੀਨਾ<br>▪ ਵਿਊ ਚੈਕ: $1.50 ਪ੍ਰਤੀ ਇਮੇਜ, ਪੇਪਰਲੈਸ ਨਾਲ ਮੁਫਤ | ▪ ਪੇਪਰਲੈਸ: ਮੁਫਤ<br>▪ ਮਾਸਿਕ ਸਟੇਟਮੈਂਟ: ਮੁਫਤ<br>▪ ਪਾਸਬੁੱਕ[13]: $2.25* ਪ੍ਰਤੀ ਮਹੀਨਾ<br>▪ ਚੈਕ ਇਮੇਜ ਰਿਟਰਨ[14]: $2 ਪ੍ਰਤੀ ਮਹੀਨਾ<br>▪ ਵਿਊ ਚੈਕ: $1.50 ਪ੍ਰਤੀ ਇਮੇਜ, ਪੇਪਰਲੈਸ ਨਾਲ ਮੁਫਤ | ▪ ਪੇਪਰਲੈਸ: ਮੁਫਤ<br>▪ ਮਾਸਿਕ ਸਟੇਟਮੈਂਟ: ਮੁਫਤ<br>▪ ਪਾਸਬੁੱਕ[13]: $2.25 ਪ੍ਰਤੀ ਮਹੀਨਾ<br>▪ ਚੈਕ ਇਮੇਜ ਰਿਟਰਨ[14]: $2 ਪ੍ਰਤੀ ਮਹੀਨਾ<br>▪ ਵਿਊ ਚੈਕ: $1.50 ਪ੍ਰਤੀ ਇਮੇਜ, ਪੇਪਰਲੈਸ ਨਾਲ ਮੁਫਤ | ▪ ਪੇਪਰਲੈਸ: ਮੁਫਤ<br>▪ ਮਾਸਿਕ ਸਟੇਟਮੈਂਟ: ਮੁਫਤ<br>▪ ਪਾਸਬੁੱਕ[13]: ਮੁਫਤ<br>▪ ਚੈਕ ਇਮੇਜ ਰਿਟਰਨ[14,15]: ਮੁਫਤ<br>▪ ਵਿਊ ਚੈਕ: $1.50 ਪ੍ਰਤੀ ਇਮੇਜ, ਪੇਪਰਲੈਸ ਨਾਲ ਮੁਫਤ |
| **ਵਾਧੂ ਫੀਚਰ** | **ਵਾਧੂ ਫੀਚਰ** | **ਵਾਧੂ ਫੀਚਰ** | **ਵਾਧੂ ਫੀਚਰ** | **ਵਾਧੂ ਫੀਚਰ** |
| ▪ TD ਪਲੈਟੀਨਮ ਟਰੈਵਲ *ਵੀਜ਼ਾ** ਕਾਰਡ, TD ਫਰਸੱਟ ਕਲਾਸ ਟਰੈਵਲ *ਵੀਜ਼ਾ ਇਨਫਾਈਨਾਈਟ** ਕਾਰਡ ਜਾਂ TD ਗੋਲਡ ਈਲਾਈਟ® *ਵੀਜ਼ਾ* ਕਾਰਡ ਅਤੇ ਇੱਕ ਅਧਿਕਾਰਿਤ ਯੂਸਰ *ਵੀਜ਼ਾ* ਕਾਰਡ[20] ਲਈ ਸਾਲਾਨਾ ਫੀਸ ਮੁਆਫ<br>▪ ਕੋਈ ਵੀ ਵਿਅਕਤੀਗਤ ਚੈਕ ਸਟਾਈਲ ਮੁਫਤ ਬਿਨਾਂ ਕੀਮਤ ਉਤੇ<br>▪ ਕੋਈ ਡਰਾਫਟ ਫੀਸ ਨਹੀਂ<br>▪ ਮੁਫਤ ਸਰਟੀਫਾਈਡ ਚੈਕ<br>▪ ਮੁਫਤ ਬਾਰਡਰਲੈਸ ਪਲੈਨ, U.S. ਡਾਲਰ ਐਕਾਊਂਟ ਦੇ ਨਾਲ<br>▪ ਮੁਫਤ ਛੋਟੀ ਸੁਰੱਖਿਆ ਡਿਪਾਜਿਟ ਬਾਕਸ[16]<br>▪ ਕੋਈ ਕਮੀਸ਼ਨ ਫੀਸ ਨਹੀਂ, ਨਿਯਮਿਤ CDN ਅਤੇ U.S. ਡਾਲਰ ਟਰੈਵਲਰਸ ਚੈਕਾਂ ਦੇ ਨਾਲ<br>▪ ਸਾਲਾਨਾ ਫੀਸ ਉਤੇ $25 ਛੋਟ, TD ਵਾਟਰਹਾਊਸ®,[17] ਸਵੈ-ਨਿਰਦੇਸ਼ਿਤ RSP/RIF ਉਤੇ<br>▪ 1/4% ਵਿਆਜ ਬੋਨਸ, ਇੱਕ ਤੋਂ ਪੰਜ ਸਾਲਾ GICs ਉਤੇ[18] | ▪ ਨਵੇਂ TD ਏਮੈਰਲਡ® *ਵੀਜ਼ਾ* ਕਾਰਡ ਉਤੇ ਪਹਿਲੇ ਸਾਲ ਦੀ ਸਾਲਾਨਾ ਫੀਸ ਮੁਆਫ ਜਾਂ ਨਵੇਂ TD ਪਲੈਟਿਨਮ ਟਰੈਵਲ ਕਾਰਡ, TD ਫਰਸੱਟ ਕਲਾਸ ਟਰੈਵਲ *ਵੀਜ਼ਾ ਇਨਫਾਈਨਾਈਟ* ਕਾਰਡ ਜਾਂ TD ਗੋਲਡ ਈਲਾਈਟ *ਵੀਜ਼ਾ* ਕਾਰਡ ਦੇ ਪਹਿਲੇ ਸਾਲ ਦੀ ਸਾਲਾਨਾ ਫੀਸ ਉਤੇ $20 ਛੋਟ, ਜਿਹਨਾਂ ਲਈ ਖਾਤਾ ਖੋਲਣ ਸਮੇਂ ਅਰਜ਼ੀ ਭਰੀ ਹੈ[20] | ▪ ਨਵੇਂ TD ਏਮੈਰਲਡ *ਵੀਜ਼ਾ* ਕਾਰਡ ਉਤੇ ਪਹਿਲੇ ਸਾਲ ਦੀ ਸਾਲਾਨਾ ਫੀਸ ਮੁਆਫ ਜਾਂ ਨਵੇਂ TD ਪਲੈਟਿਨਮ ਟਰੈਵਲ ਕਾਰਡ, TD ਫਰਸੱਟ ਕਲਾਸ ਟਰੈਵਲ *ਵੀਜ਼ਾ ਇਨਫਾਈਨਾਈਟ* ਕਾਰਡ ਜਾਂ TD ਗੋਲਡ ਈਲਾਈਟ *ਵੀਜ਼ਾ* ਕਾਰਡ ਦੇ ਪਹਿਲੇ ਸਾਲ ਦੀ ਸਾਲਾਨਾ ਫੀਸ ਉਤੇ $20 ਛੋਟ, ਜਿਹਨਾਂ ਲਈ ਖਾਤਾ ਖੋਲਣ ਸਮੇਂ ਅਰਜ਼ੀ ਭਰੀ ਹੈ[20,21]<br><br>**ਵਿਦਿਆਰਥੀਆਂ ਲਈ**<br>**ਮੁਫਤ**<br>▪ ਪੂਰਾ ਸਮੇਂ ਦੇ (ਫੁਲ ਟਾਈਮ) ਪੋਸਟ-ਸੈਕੰਡਰੀ ਵਿਦਿਆਰਥੀਆਂ ਲਈ[22] | ▪ ਖਾਤਾ ਖੋਲਣ ਸਮੇਂ ਅਰਜ਼ੀ ਕੀਤੇ ਗਏ ਨਵੇਂ TD ਏਮੇਰਲਡ ਵਿਜ਼ਾ ਕਾਰਡ ਲਈ ਪਹਿਲੇ ਸਾਲ ਦੀ ਸਾਲਾਨਾ ਫੀਸ ਮੁਆਫ[20] | ▪ ਮੁਫਤ ਵਿਅਕਤੀਗਤ ਬੇਸਿਕ ਚੈਕ<br>▪ ਕੋਈ ਫੀਸ ਨਹੀਂ CDN ਅਤੇ U.S. ਡਾਲਰ ਡਰਾਫਟ<br>▪ ਕੋਈ ਕਮੀਸ਼ਨ ਫੀਸ ਨਹੀਂ, ਨਿਯਮਿਤ CDN ਅਤੇ U.S. ਡਾਲਰ ਟਰੈਵਲਰ ਚੈਕਾਂ ਲਈ<br>▪ $5 ਛੋਟ, ਸੇਫਟੀ ਡਿਪਾਜਿਟ ਬਾਕਸ ਰੈਨਟਲ[16] ਲਈ<br>▪ ਮੁਫਤ ਡਿਪਾਜਿਟ-ਬਾਈ-ਮੇਲ ਸਰਵਿਸ |
| **ਮਾਸਿਕ ਫੀਸ ਅਤੇ ਛੋਟਾਂ** | **ਮਾਸਿਕ ਫੀਸ ਅਤੇ ਛੋਟਾਂ** | **ਮਾਸਿਕ ਫੀਸ ਅਤੇ ਛੋਟਾਂ** | **ਮਾਸਿਕ ਫੀਸ ਅਤੇ ਛੋਟਾਂ** | **ਮਾਸਿਕ ਫੀਸ ਅਤੇ ਛੋਟਾਂ** |
| **$24.95**<br>▪ ਮੁਆਫ ਜੇ ਤੁਸੀਂ $5,000 ਬੈਲੇਂਸ ਬਰਕਰਾਰ ਰਖਦੇ ਹੋ[19] | **$12.95**<br>▪ ਮੁਆਫ ਜੇ ਤੁਸੀਂ $3,000 ਬੈਲੇਂਸ ਬਰਕਰਾਰ ਰਖਦੇ ਹੋ[19] | **$8.95**<br>▪ ਮੁਆਫ ਜੇ ਤੁਸੀਂ $2,000 ਬੈਲੇਂਸ ਬਰਕਰਾਰ ਰਖਦੇ ਹੋ[19] | **$3.95**<br>▪ ਮੁਆਫ ਜੇ ਤੁਸੀਂ $1,000 ਬੈਲੇਂਸ ਬਰਕਰਾਰ ਰਖਦੇ ਹੋ[19] | **ਮੁਫਤ** |

ਸਾਡੇ ਬਚਤ ਖਾਤੇ ਦੀਆਂ ਚੋਣਾਂ ਕਈ ਤਰ੍ਹਾਂ ਦੇ ਬਚਤ ਟੀਚਿਆਂ ਨੂੰ ਪੂਰਾ ਕਰਦੀਆਂ ਹਨ, ਖਾਸ ਕਰ ਜੇ ਤੁਹਾਨੂੰ ਘੱਟ ਲੈਣ-ਦੇਣ ਦੀ ਲੋੜ ਹੈ। ਕੇਵਲ ਆਪਣੇ ਐਕਾਊਂਟ ਬੈਲੇਂਸ ਦਾ ਆਕਾਰ ਨਿਸ਼ਚਿਤ ਕਰੋ ਅਤੇ ਕੀ ਜਰੂਰੀ ਹੈ - ਤੁਹਾਡੀ ਬਚਤਾਂ ਦਾ ਵਿਕਾਸ ਜਾਂ ਜਿਆਦਾ ਪਹੁੰਚ।

# ਸੇਵਿੰਗਸ ਐਕਾਊਂਟਸ[11]

| ਕੰਪੈਨੀਅਨ ਸੇਵਿੰਗਸ ਐਕਾਊਂਟਸ (Companion Savings Account™) | ਟਾਇਰ ਸੇਵਿੰਗਸ ਐਕਾਊਂਟਸ (Tier Savings Account) | ਗਾਰੰਟੀਡ ਇਨਵੈਸਟਮੈਂਟ ਐਕਾਊਂਟ (Guaranteed Investment Account) | ਯੂਥ ਐਕਾਊਂਟ[28] (Youth Account) |
|---|---|---|---|
| $5,000 ਤੋਂ ਘੱਟ ਰੋਜਾਨਾ ਐਕਾਊਂਟ ਬੈਲੇਂਸ ਲਈ ਵਧੀਆ। | ਵਧੀਆ ਜੇ ਤੁਸੀਂ ਰੋਜਾਨਾ ਦਾ ਐਕਾਊਂਟ ਬੈਲੇਂਸ ਰਖਦੇ ਹੋ $5,000+ ਫੰਡਾਂ ਉਤੇ ਪਹੁੰਚ ਦੇ ਨਾਲ ਜੇ ਤੁਹਾਨੂੰ ਉਹਨਾਂ ਦੀ ਲੋੜ ਹੋਵੇ। | ਉਚੀਆਂ ਵਿਆਜ ਦਰਾਂ ਦਾ ਆਨੰਦ ਮਾਣੋ ਜਦੋਂ ਤੁਸੀਂ $5,000 ਜਾਂ ਵੱਧ ਰੋਜਾਨਾ ਐਕਾਊਂਟ ਬੈਲੇਂਸ ਰਖਦੇ ਹੋ। | ਇੱਕ ਰੋਜਾਨਾ ਵਿਆਜ ਖਾਤਾ ਉਹਨਾਂ ਲਈ ਵਧੀਆ ਜੋ ਸ਼ੁਰੂਆਤ ਕਰ ਰਹੇ ਹਨ। |
| **ਟਰਾਂਸੈਕਸ਼ਨਾਂ ਵਿੱਚ ਸ਼ਾਮਿਲ ਹੈ[23]** | **ਟਰਾਂਸੈਕਸ਼ਨਾਂ ਵਿੱਚ ਸ਼ਾਮਿਲ ਹੈ[23]** | **ਟਰਾਂਸੈਕਸ਼ਨਾਂ ਵਿੱਚ ਸ਼ਾਮਿਲ ਹੈ[26]** | **ਟਰਾਂਸੈਕਸ਼ਨਾਂ ਵਿੱਚ ਸ਼ਾਮਿਲ ਹੈ[23]** |
| ▪ 2 ਮੁਫਤ ਟਰਾਂਸੈਕਸ਼ਨਾਂ ਪ੍ਰਤੀ ਮਹੀਨਾ<br>▪ ਵਾਧੂ ਟਰਾਂਸੈਕਸ਼ਨਾਂ $1.25 ਹਰੇਕ | ▪ 2 ਮੁਫਤ ਟਰਾਂਸੈਕਸ਼ਨਾਂ ਪ੍ਰਤੀ ਮਹੀਨਾ<br>▪ ਵਾਧੂ ਟਰਾਂਸੈਕਸ਼ਨਾਂ $1.25 ਹਰੇਕ | ▪ 1 ਮੁਫਤ ਟਰਾਂਸੈਕਸ਼ਨਾਂ ਪ੍ਰਤੀ ਮਹੀਨਾ<br>▪ ਵਾਧੂ ਟਰਾਂਸੈਕਸ਼ਨਾਂ $5 ਹਰੇਕ | ▪ ਅਸੀਮਿਤ |
| **ਵਾਧੂ ਫੀਸ** | **ਵਾਧੂ ਫੀਸ** | **ਵਾਧੂ ਫੀਸ** | **ਵਾਧੂ ਫੀਸ** |
| ▪ ਬਿਲ ਭੁਗਤਾਨ, ਬਿਲ ਪੇਅਮੈਂਟ ਪ੍ਰੋਫਾਈਲ ਉਤੇ ਨਿਸ਼ਚਿਤ ਕੀਤੀ ਟਰਾਂਸਫਰਾਂ, *ਇੰਟਰੈਕ* ਡਾਇਰੈਕਟ ਪੇਅਮੈਂਟ ਖਰੀਦਾਂ ਅਤੇ NYCE ਡੈਬਿਟ ਪੇਅਮੈਂਟ ਖਰੀਦਾਂ $1.25 ਹਰੇਕ<br>▪ *ਇੰਟਰੈਕ* ABM ਵਿਦਡਰਾਅਲਸ ਅਤੇ *ਇੰਟਰੈਕ* ਈ-ਮੇਲ ਮਨੀ ਟਰਾਂਸਫਰਾਂ ਭੇਜੀ ਗਈਆਂ $1.50 ਹਰੇਕ<br>▪ *ਪਲਸ* ਸਿਸਟਮ ਵਿਦਡਰਾਅਲਸ (U.S. ਅਤੇ ਮੈਕਸਿਕੋ ਦੇ ਵਿੱਚ) $3 ਹਰੇਕ, ਮੁਫਤ ਕਿਸੇ ਵੀ TD ਬੈਂਕਨਾਰਥ ABM ਉਤੇ<br>▪ *ਪਲਸ* ਸਿਸਟਮ ਵਿਦਡਰਾਅਲਸ (ਕੈਨੇਡਾ, U.S. ਅਤੇ ਮੈਕਸਿਕੋ ਤੋਂ ਬਾਹਰ) $5 ਹਰੇਕ<br>$1.25 ਟਰਾਂਸੇਕਸ਼ਨ ਫੀਸ ਤੋਂ ਇਲਾਵਾ | ▪ ਬਿਲ ਭੁਗਤਾਨ, ਬਿਲ ਪੇਅਮੈਂਟ ਪ੍ਰੋਫਾਈਲ ਉਤੇ ਨਿਸ਼ਚਿਤ ਕੀਤੀ ਟਰਾਂਸਫਰਾਂ, *ਇੰਟਰੈਕ* ਡਾਇਰੈਕਟ ਪੇਅਮੈਂਟ ਖਰੀਦਾਂ ਅਤੇ NYCE ਡੈਬਿਟ ਪੇਅਮੈਂਟ ਖਰੀਦਾਂ $1.25 ਹਰੇਕ<br>▪ *ਇੰਟਰੈਕ* ABM ਵਿਦਡਰਾਅਲਸ ਅਤੇ *ਇੰਟਰੈਕ* ਈ-ਮੇਲ ਮਨੀ ਟਰਾਂਸਫਰਾਂ ਭੇਜੀ ਗਈਆਂ $1.50 ਹਰੇਕ<br>▪ *ਪਲਸ* ਸਿਸਟਮ ਵਿਦਡਰਾਅਲਸ (U.S. ਅਤੇ ਮੈਕਸਿਕੋ ਦੇ ਵਿੱਚ) $3 ਹਰੇਕ, ਮੁਫਤ ਕਿਸੇ ਵੀ TD ਬੈਂਕਨਾਰਥ ABM ਉਤੇ<br>▪ *ਪਲਸ* ਸਿਸਟਮ ਵਿਦਡਰਾਅਲਸ (ਕੈਨੇਡਾ, U.S. ਅਤੇ ਮੈਕਸਿਕੋ ਤੋਂ ਬਾਹਰ) $5 ਹਰੇਕ<br>$1.25 ਟਰਾਂਸੇਕਸ਼ਨ ਫੀਸ ਤੋਂ ਇਲਾਵਾ | ▪ *ਇੰਟਰੈਕ* ਈ-ਮੇਲ ਮਨੀ ਟਰਾਂਸਫਰਾਂ ਭੇਜਣ ਉਤੇ ਹਰੇਕ ਤੇ $1.50<br>$5 ਟਰਾਂਸੇਕਸ਼ਨ ਫੀਸ ਤੋਂ ਇਲਾਵਾ | ▪ *ਇੰਟਰੈਕ* ABM $1.50 ਹਰੇਕ<br>▪ *ਇੰਟਰੈਕ* ਈ-ਮੇਲ ਮਨੀ ਟਰਾਂਸਫਰਾਂ ਭੇਜਣ ਉਤੇ ਹਰੇਕ ਤੇ $1.50<br>▪ *ਪਲਸ* ਸਿਸਟਮ ਵਿਦਡਰਾਅਲਸ (U.S. ਅਤੇ ਮੈਕਸਿਕੋ ਦੇ ਵਿੱਚ) $3 ਹਰੇਕ, ਮੁਫਤ ਕਿਸੇ ਵੀ TD ਬੈਂਕਨਾਰਥ ABM ਉਤੇ<br>▪ *ਪਲਸ* ਸਿਸਟਮ ਵਿਦਡਰਾਅਲਸ (ਕੈਨੇਡਾ, U.S. ਅਤੇ ਮੈਕਸਿਕੋ ਤੋਂ ਬਾਹਰ) $5 ਹਰੇਕ |
| **ਰਿਕਾਰਡਕੀਪਿੰਗ ਚੋਣਾਂ** | **ਰਿਕਾਰਡਕੀਪਿੰਗ ਚੋਣਾਂ** | **ਰਿਕਾਰਡਕੀਪਿੰਗ ਚੋਣਾਂ** | **ਰਿਕਾਰਡਕੀਪਿੰਗ ਚੋਣਾਂ** |
| ▪ ਪੇਪਰਲੈਸ: ਮੁਫਤ<br>▪ ਮਾਸਿਕ ਸਟੇਟਮੈਂਟ ਜਾਂ ਪਾਸਬੁੱਕ: $2.25 ਪ੍ਰਤੀ ਮਹੀਨਾ; ਮੁਫਤ ਨਿਊਨਤਮ ਮਾਸਿਕ ਬੈਲੇਂਸ $500 ਦੇ ਨਾਲ[19] | ▪ ਪੇਪਰਲੈਸ: ਮੁਫਤ<br>▪ ਮਾਸਿਕ ਸਟੇਟਮੈਂਟ ਜਾਂ ਪਾਸਬੁੱਕ: $2.25 ਪ੍ਰਤੀ ਮਹੀਨਾ; ਮੁਫਤ ਨਿਊਨਤਮ ਮਾਸਿਕ ਬੈਲੇਂਸ $500 ਦੇ ਨਾਲ[19] | ▪ ਪੇਪਰਲੈਸ: ਮੁਫਤ<br>▪ ਮਾਸਿਕ ਸਟੇਟਮੈਂਟ: ਮੁਫਤ<br>▪ ਪਾਸਬੁੱਕ: ਮੁਫਤ | ▪ ਪੇਪਰਲੈਸ: ਮੁਫਤ<br>▪ ਮਾਸਿਕ ਸਟੇਟਮੈਂਟ: ਮੁਫਤ<br>▪ ਪਾਸਬੁੱਕ: ਮੁਫਤ<br>▪ ਚੈਕ ਇਮੇਜ ਰਿਟਰਨ[14]: $2 ਪ੍ਰਤੀ ਮਹੀਨਾ |
| **ਵਾਧੂ ਫੀਚਰ** | **ਵਾਧੂ ਫੀਚਰ** | **ਵਾਧੂ ਫੀਚਰ** | **ਵਾਧੂ ਫੀਚਰ** |
| ▪ ਰੋਜਾਨਾ ਵਿਆਜ ਕਮਾਓ ਜੋ ਤੁਹਾਡੇ ਬੈਲੇਂਸ ਨਾਲ ਵੱਧਦਾ ਹੈ[24]<br>▪ ਆਸਾਨ ਡਾਇਰੈਕਟ ਡਿਪਾਜਿਟ | ▪ ਰੋਜਾਨਾ ਵਿਆਜ ਕਮਾਓ ਜੋ ਤੁਹਾਡੇ ਬੈਲੇਂਸ ਨਾਲ ਵੱਧਦਾ ਹੈ[25]<br>▪ ਆਸਾਨ ਡਾਇਰੈਕਟ ਡਿਪਾਜਿਟ | ▪ ਨਿਵੇਸ਼ ਤੋਂ ਕਮਾਉਣ ਦੀ ਸ਼ਕਤੀ ਪ੍ਰਦਾਨ ਕਰਦੀ ਹੈ, ਸੇਵਿੰਗ ਖਾਤੇ ਦੀ ਲਚਕਤਾ ਦੇ ਨਾਲ<br>▪ ਸਾਡਾ ਨਿਵੇਸ਼ ਵਿਆਜ ਕਮਾਓ ਜਿਸ ਦੀ ਗਾਰੰਟੀ ਹੈ ਕਿ ਉਹ 1.0% ਤੋਂ ਹੇਠਾਂ ਨਹੀਂ ਡਿੱਗੇਗਾ, ਦਸੰਬਰ 31, 2008 ਤਕ (ਨਿਊਂਨਤਮ ਬੈਲੇਂਸ $5,000)[27] | ▪ ਵਿਆਜ ਰੋਜਾਨਾ ਅੰਕਿਤ ਅਤੇ ਭੁਗਤਾਨ ਮਾਸਿਕ[24] |
| **ਨਿਊਨਤਮ ਬੈਲੇਂਸ, ਮਾਸਿਕ ਫੀਸ ਅਤੇ ਰਿਬੇਟ ਮੁਆਫ ਕਰਨ ਲਈ[19]** | **ਨਿਊਨਤਮ ਬੈਲੇਂਸ, ਮਾਸਿਕ ਫੀਸ ਅਤੇ ਰਿਬੇਟ ਮੁਆਫ ਕਰਨ ਲਈ[19]** | **ਨਿਊਨਤਮ ਬੈਲੇਂਸ, ਮਾਸਿਕ ਫੀਸ ਅਤੇ ਰਿਬੇਟ ਮੁਆਫ ਕਰਨ ਲਈ[19]** | **ਨਿਊਨਤਮ ਬੈਲੇਂਸ, ਮਾਸਿਕ ਫੀਸ ਅਤੇ ਰਿਬੇਟ ਮੁਆਫ ਕਰਨ ਲਈ[19]** |
| ▪ $25,000 (*ਪਲਸ* ਸਿਸਟਮ ਨੂੰ ਛੱਡ ਕੇ) | ▪ $25,000 (*ਪਲਸ* ਸਿਸਟਮ ਨੂੰ ਛੱਡ ਕੇ) | ▪ ਲਾਗੂ ਨਹੀਂ | ▪ ਲਾਗੂ ਨਹੀਂ |

## U.S. ਐਕਾਊਂਟਸ[11]

| ਬਾਰਡਰਲੈਸ ਪਲੈਨ (Borderless Plan) | U.S. ਡਾਲਰ ਰੋਜ਼ਾਨਾ ਵਿਆਜ ਚੈਕਿੰਗ ਐਕਾਊਂਟ (U.S. Dollar Daily Interest Chequing Account) |
|---|---|
| ਕਈ ਤਰ੍ਹਾਂ ਦੇ ਲਾਭ ਪੇਸ਼ ਕਰਦਾ ਹੈ ਉਹਨਾਂ ਗਾਹਕਾਂ ਲਈ ਜੋ ਅਕਸਰ U.S. ਨੂੰ ਸਫਰ ਕਰਦੇ ਹਨ | ਵਧੀਆ, ਆਪਣੇ U.S. ਫੰਡਾਂ ਵਿੱਚ ਵਿਆਜ ਰੱਖਣਾ ਅਤੇ ਕਮਾਉਣ ਲਈ |
| **ਟਰਾਂਸੈਕਸ਼ਨਾਂ ਵਿੱਚ ਸ਼ਾਮਿਲ ਹੈ[29]** | **ਟਰਾਂਸੈਕਸ਼ਨਾਂ ਵਿੱਚ ਸ਼ਾਮਿਲ ਹੈ[29]** |
| ▪ ਅਸੀਮਿਤ | ▪ $1 US ਹਰੇਕ |
| **ਰਿਕਾਰਡਕੀਪਿੰਗ ਚੋਣਾਂ** | **ਰਿਕਾਰਡਕੀਪਿੰਗ ਚੋਣਾਂ** |
| ▪ ਪੇਪਰਲੈਸ: ਮੁਫਤ<br>▪ ਮਾਸਿਕ ਸਟੇਟਮੈਂਟ: ਮੁਫਤ<br>▪ ਪਾਸਬੁੱਕ: ਮੁਫਤ | ▪ ਪੇਪਰਲੈਸ: ਮੁਫਤ<br>▪ ਮਾਸਿਕ ਸਟੇਟਮੈਂਟ ਜਾਂ ਪਾਸਬੁੱਕ: $2.25 ਪ੍ਰਤੀ ਮਹੀਨਾ; ਮੁਫਤ ਨਿਊਨਤਮ ਮਾਸਿਕ ਬੈਲੇਂਸ $200 US ਦੇ ਨਾਲ[19] |
| **ਵਾਧੂ ਫੀਚਰ** | **ਵਾਧੂ ਫੀਚਰ** |
| ▪ ਮੁਫਤ ਵਿਅਕਤੀਗਤ ਬੇਸਿਕ ਚੈਕ<br>▪ ਵਧੀਆ ਏਕਸਚੈਂਜ ਦਰ, $25,000 US ਤਕ ਦੀਆਂ ਟਰਾਂਸੈਕਸ਼ਨਾਂ ਉਤੇ<br>▪ ਕੋਈ ਫੀਸ ਨਹੀਂ ਨਿਯਮਿਤ U.S. ਡਾਲਰ ਟਰੈਵਲਰ ਚੈਕਾਂ ਲਈ<br>▪ ਕੋਈ ਫੀਸ ਨਹੀਂ U.S. ਡਾਲਰ ਡਰਾਫਟਾਂ ਲਈ<br>▪ 5% ਛੋਟ ਟਰੈਵਲ ਮੈਡੀਕਲ ਬੀਮੇ ਉਤੇ, TD ਕੈਨੇਡਾ ਟਰੱਸਟ ਰਾਹੀਂ[30]<br>▪ ਸਾਲਾਨਾ ਫੀਸ ਮੁਆਫ, TD U.S. ਡਾਲਰ *ਵੀਜ਼ਾ* ਕਾਰਡ (TD U.S. Dollar* Visa Card)[20,31] ਲਈ<br>▪ ਈਜ਼ੀ ਵੈਬ ਫਾਰੇਨ ਏਕਸਚੇਂਜ ਸਰਵਿਸ (EasyWeb Foreign Exchange Services) ਦੀ ਵਰਤੋਂ ਕਰੋ, ਔਨਲਾਈਨ ਪੈਸਾ ਟਰਾਂਸਫਰ ਕਰਨ ਲਈ ਆਪਣੇ ਕੈਨੇਡੀਅਨ ਅਤੇ U.S. ਖਾਤਿਆਂ ਦੇ ਵਿੱਚ | ▪ ਰੋਜ਼ਾਨਾ ਵਿਆਜ ਕਮਾਓ ਜੋ ਤੁਹਾਡੇ ਬੈਲੇਂਸ ਨਾਲ ਵਧੇਗਾ[32]<br>▪ ਈਜ਼ੀ ਵੈਬ ਫਾਰੇਨ ਏਕਸਚੇਂਜ ਸਰਵਿਸ ਦੀ ਵਰਤੋਂ ਕਰੋ, ਆਪਣੇ ਕੈਨੇਡੀਅਨ ਅਤੇ U.S. ਖਾਤਿਆਂ ਵਿੱਚ ਪੈਸਾ ਔਨਲਾਈਨ ਟਰਾਂਸਫਰ ਕਰਨ ਲਈ |
| **ਮਾਸਿਕ ਫੀਸ ਅਤੇ ਰਿਬੇਟ** | **ਮਾਸਿਕ ਫੀਸ ਅਤੇ ਰਿਬੇਟ** |
| **$4.95 US**<br>▪ ਮੁਆਫ ਜੇ ਤੁਸੀਂ $3,000 US ਬੈਲੇਂਸ ਬਰਕਰਾਰ ਰਖਦੇ ਹੋ[19] | **ਮੁਫਤ**<br>▪ ਟਰਾਂਸੈਕਸ਼ਨ ਫੀਸ ਮੁਆਫ ਜੇ ਤੁਸੀਂ ਨਿਊਨਤਮ $1,000 US ਬੈਲੇਂਸ ਬਰਕਰਾਰ ਰਖਦੇ ਹੋ[19] |



# ਅਸੀਂ ਉਹ ਖਾਤਾ ਚੁਣਨਾ ਆਸਾਨ ਬਣਾਉਂਦੇ ਹਾਂ ਜਿਹੜਾ ਤੁਹਾਡੇ ਲਈ ਠੀਕ ਹੈ

**ਸਾਡੇ ਕਈ ਤਰ੍ਹਾਂ ਦੇ ਚੈਕਿੰਗ ਅਤੇ ਸੇਵਿੰਗ ਐਕਾਊਂਟਸ ਦੀਆਂ ਕਿਸਮਾਂ, ਲਚਕਦਾਰ ਬੈਂਕਿੰਗ ਚੋਣਾਂ ਦੇ ਨਾਲ, ਤੁਹਾਨੂੰ ਜਿਸ ਤਰੀਕੇ ਤੁਸੀਂ ਚਾਹੁੰਦੇ ਹੋ ਬੈਂਕ ਕਰਨ ਦਿੰਦੀਆਂ ਹਨ। ਉਹ ਬੈਂਕ ਐਕਾਉਂਟ ਚੁਣੋ ਜੋ ਤੁਹਾਡੇ ਲਈ ਅੱਜ ਠੀਕ ਹੈ।**



**ਬੈਂਕਿੰਗ ਇੰਨੀ ਆਰਾਮਦੇਹ ਹੋ ਸਕਦੀ ਹੈ**

1 ਕੁੱਝ ਪਾਬੰਦੀਆਂ ਲਾਗੂ।

2 ਆਪਣੇ ਐਸੇਸ ਕਾਰਡ ਨੰਬਰ, ਕਨੈਕਟ ਆਈ ਡੀ (Connect ID) ਅਤੇ ਈਜ਼ੀ ਵੈਬ ਪਾਸਵਰਡ ਦੀ ਸੰਭਾਲ, ਨਿਯੰਤਰਣ ਅਤੇ ਗੁਪਤਤਾ ਬਰਕਰਾਰ ਰੱਖਣੀ ਤੁਹਾਡੀ ਜ਼ਿੰਮੇਵਾਰੀ ਹੈ, ਜਿਵੇਂ ਸਾਡੇ ਗਾਹਕ ਸਮਝੌਤੇ ਵਿੱਚ ਨਿਸ਼ਚਿਤ ਕੀਤਾ ਗਿਆ ਹੈ। TD ਕੈਨੇਡਾ ਟਰਸੱਟ ਅਤੇ ਉਸਦੇ ਸਹਿਯੋਗੀ ਜ਼ਿੰਮੇਵਾਰ ਨਹੀਂ ਹਨ ਔਨਲਾਈਨ ਅਣ-ਅਧਿਕਾਰਿਤ ਪਹੁੰਚ ਲਈ ਜਾਂ ਘਾਟਿਆਂ ਲਈ ਜੋ ਹੁੰਦੇ ਹਨ, ਤੁਹਾਡੇ ਐਸੇਸ ਕਾਰਡ, ਕਨੈਕਟ ਆਈ ਡੀ ਜਾਂ ਈਜ਼ੀ ਵੈਬ ਪਾਸਵਰਡ ਦੇ ਤੁਹਾਡੇ ਵਲੋਂ ਪ੍ਰਗਟਾਏ ਜਾਣ ਕਰਕੇ, ਜਾਂ ਤੁਹਾਡੇ ਵਲੋਂ ਇਸ ਜਾਣਕਾਰੀ ਦੀ ਲਾਪਰਵਾਹੀ ਜਾਂ ਗਲਤ ਤਰੀਕੇ ਹੈਂਡਲ, ਸਟੋਰ ਜਾਂ ਪ੍ਰਗਟਾਵਾ ਕਰਨ ਕਰਕੇ।

3 ਕਿਊਬੈਕ ਨਿਵਾਸੀਆਂ ਲਈ ਕਰੈਡਿਟ ਅਰਜੀਆਂ ਅਜੇ ਫੋਨ ਜਾਂ ਔਨਲਾਈਨ ਨਾ ਪ੍ਰਵਾਨ ਕੀਤੀਆਂ ਜਾਣ, ਕੁੱਝ ਖਾਸ ਪਦਾਰਥਾਂ ਲਈ ਅਤੇ ਤੁਹਾਨੂੰ ਅਰਜੀ ਕਰਨ ਲਈ ਸ਼ਾਪਾਂ ਉਤੇ ਜਾਣ ਲਈ ਨਿਰਦੇਸ਼ ਕੀਤਾ ਜਾ ਸਕਦਾ ਹੈ।

4 ਫਰਵਰੀ 1, 2008 ਤਕ, TD ਕੈਨੇਡਾ ਟਰਸੱਟ ਦੀਆਂ ਸ਼ਾਖਾਂ ਦਾ ਸਮਾਂ ਸਾਡੇ ਕੈਨੇਡੀਅਨ ਸਾਥੀਆਂ ਨਾਲੋਂ 50% ਜਿਆਦਾ ਹੈ।

5 ਟਰਾਂਸੈਕਸ਼ਨ ਰਿਕਾਰਡਾਂ ਦੀ ਗਿਣਤੀ ਦੀ ਪਹੁੰਚ ਵੱਖ-ਵੱਖ ਹੋ ਸਕਦੀ ਹੈ, ਇਹ ਨਿਰਭਰ ਕਰਦੇ ਹੋਏ ਕਿ ਤੁਸੀਂ ਆਪਣੇ ਖਾਤੇ ਉਤੇ ਕਿਵੇਂ ਪਹੁੰਚ ਕਰਦੇ ਹੋ।

6 ਸਾਰੇ ਕੈਨੇਡੀਅਨ ਚੈਕਿੰਗ, ਸੇਵਿੰਗਸ ਅਤੇ ਚੈਕ-ਲਿਖਣ ਦੀ ਚੋਣ ਵਾਲੇ ਕਰੈਡਿਟ ਐਕਾਊਂਟ ਦੀ ਕਤਾਰ ਉਤੇ ਲਾਗੂ। ਕੁੱਝ ਥਾਵਾਂ ਉਤੇ, ਜਿਵੇਂ ਰੈਪਿਡ ਰਿਕਾਗਨਿਸ਼ਨ ਚੈਕਿੰਗ (ਚੈਕ U.S. ਚੈਨਲਾਂ ਦੇ ਰਾਹੀਂ ਕਲੀਅਰ ਹੋਵੇਗਾ), U.S. ਐਕਾਊਂਟ ਚੈਕ ਇਮੇਜ ਉਪਲਬਧ ਨਹੀਂ ਕੀਤੇ ਜਾਣਗੇ।

7 ਫੀਸਾਂ ਕਿਸੇ ਵੀ ਸਮੇਂ ਬਦਲੀਆਂ ਜਾ ਸਕਦੀਆਂ ਹਨ।

8 TD ਕੈਨੇਡਾ ਟਰਸੱਟ ਅਤੇ ਹੋਰ ਕੈਨੇਡੀਅਨ ਵਿੱਤੀ ਸੰਸਥਾ ਵਿੱਚ ਖਾਤੇ ਇਕੋ ਨਾਮ ਵਿੱਚ ਹੋਣੇ ਚਾਹੀਦੇ ਹਨ। ਇਹ ਸੇਵਾ TD ਕੈਨੇਡਾ ਟਰਸੱਟ DISA RSP ਟਰਾਂਸਫਰਾਂ ਲਈ ਉਪਲਬਧ ਨਹੀਂ ਹੈ।

9 ਫੀਸਾਂ ਅਤੇ ਵਿਆਜ ਬਦਲੀ ਕੀਤੇ ਜਾ ਸਕਦੇ ਹਨ। ਵਿਆਜ ਰੋਜ਼ਾਨਾ ਕੱਢਿਆ ਜਾਂਦਾ ਹੈ।

10 ਕੁੱਝ ਸ਼ਰਤਾਂ ਲਾਗੂ। (ਪੇਅ-ਐਸ-ਯੂ-ਗੋਅ ਓਵਰਡਰਾਫਟ ਪ੍ਰੋਟੈਕਸ਼ਨ U.S. ਐਕਾਊਂਟਸ ਅਤੇ ਪ੍ਰਾਈਵੇਟ ਬੈਂਕਿੰਗ ਖਾਤਿਆਂ ਵਿੱਚ ਉਪਲਬਧ ਨਹੀਂ ਹੈ।)

11 ਸਾਰੇ ਪਦਾਰਥ ਦੀ ਟੋਰਾਂਟੋ-ਡੋਮਿਨਿਅਨ ਬੈਂਕ (The Toronto-Dominion Bank) ਜਾਂ ਉਸਦੇ ਕਿਸੇ ਇੱਕ ਸਹਿਯੋਗੀ ਵਲੋਂ ਪੇਸ਼ ਕੀਤੇ ਗਏ ਹਨ।

12 ਹੋਰ ਵਿੱਤੀ ਸੰਸਥਾਵਾਂ ਆਪਣੇ ABM ਦੀ ਵਰਤੋਂ ਲਈ ਫੀਸ ਚਾਰਜ ਕਰ ਸਕਦੀਆਂ ਹਨ।

13 ਪਾਸਬੁੱਕ ਚੋਣ ਉਪਲਬਧ ਨਹੀਂ ਹੈ, ਸਾਬਕਾ ਮਨੀ ਮੈਨੇਜਰ (Money Manager*) ਜਾਂ ਵਿਅਕਤੀਗਤ ਚੈਕਿੰਗ ਖਾਤਿਆਂ ਉਤੇ।

14 ਚੈਕ ਇਮੇਜ ਵਾਪਸੀ ਕੇਵਲ ਸਟੇਟਮੈਂਟ ਰਿਕਾਰਡਕੀਪਿੰਗ ਚੋਣ ਦੇ ਨਾਲ ਉਪਲਬਧ ਹੈ (ਪੇਪਰਲੈਸ ਜਾਂ ਪਾਸਬੁੱਕ ਨਹੀਂ)

15 ਚੈਕ ਇਮੇਜ ਵਾਪਸੀ ਉਪਲਬਧ ਨਹੀਂ ਹੈ ਸਾਬਕਾ ਇਨਵੈਸਟਮੈਂਟ ਬਿਲਡਰ (Investment Builder†), ਚੈਕਿੰਗ ਸੇਵਿੰਗਸ, ਜਾਂ TD ਪ੍ਰੀਮਿਅਮ ਸੇਵਿੰਗਸ ਐਕਾਊਂਟਸ (TD Premium Savings Accounts) ਉਤੇ।

16 ਉਪਲਬਧੀ ਉਤੇ ਨਿਰਭਰ।

17 TD ਵਾਟਰਹਾਊਸ ਕੈਨੇਡਾ ਇਨਕ. (TD Waterhouse Canada Inc.), ਦੀ ਟੋਰੋਨਟੋ-ਡੋਮਿਨਿਅਨ ਬੈਂਕ ਦੀ ਇੱਕ ਸਬਸਿਡਰੀ ਹੈ। TD ਵਾਟਰਹਾਊਸ ਕੈਨਡਾ ਇਨਕ. - ਮੈਂਬਰ CIPF। ਛੋਟ ਲਾਗੂ ਕੇਵਲ ਜੇ ਸਾਲਾਨਾ ਫੀਸ ਦਾ ਭੁਗਤਾਨ RSP/RIF ਐਕਾਊਂਟ ਤੋਂ ਕੀਤਾ ਗਿਆ ਹੈ।

18 ਰੀਡੀਮੇਬਲ ਜਾਂ ਖਾਸ GIC ਪਦਾਰਥਾਂ ਉਤੇ ਪੇਸ਼ਕਸ਼ ਲਾਗੂ ਨਹੀਂ।

19 ਨਿਊਨਤਮ ਮਾਸਿਕ ਬੈਲੇਂਸ ਪੂਰੇ ਕੈਲੇਂਡਰ ਮਹੀਨੇ ਵਿੱਚ ਬਰਕਰਾਰ ਰਖਿਆ ਜਾਵੇ, ਫੀਸ ਛੋਟ ਜਾਂ ਰਿਬੇਟ ਲਈ ਯੋਗ ਹੋਣ ਲਈ।

20 ਕਰੈਡਿਟ ਪ੍ਰਵਾਨਗੀ ਉਤੇ ਨਿਰਭਰ। ਫੀਸ ਛੋਟ ਕੇਵਲ ਪ੍ਰਾਇਮਰੀ ਕਾਰਡਹੋਲਡਰਾਂ ਉਤੇ ਲਾਗੂ ਹੁੰਦੀ ਹੈ, ਕਿਸੇ ਹੋਰ ਤਰ੍ਹਾਂ ਅੰਕਿਤ ਨਾ ਕੀਤੀ ਗਈ ਹੋਵੇ ਤਾਂ। ਹੋਰ ਸਾਰੀਆਂ ਲਾਗੂ ਫੀਸਾਂ ਅਤੇ ਚਾਰਜਿਸ ਲਾਗੂ ਰਹਿੰਦੇ ਹਨ।

21 ਉਹਨਾਂ ਵਿਦਿਆਰਥੀਆਂ ਨੂੰ ਉਪਲਬਧ ਨਹੀਂ ਜਿਨ੍ਹਾਂ ਦੇ ਵੈਲਯੂ ਪਲਸ ਐਕਾਊਂਟ (Value Plus Account) ਵਿੱਚ ਛੋਟਾਂ ਹਨ।

22 ਯੋਗ ਹੋਣ ਲਈ ਕੁੱਝ ਜਰੂਰਤਾਂ ਲਾਗੂ।

23 ਟਰਾਂਸੈਕਸ਼ਨਾਂ ਹਨ ਵਿਦਡਰਾਅਲ, ਟਰਾਂਸਫਰ, ਚੈਕ ਅਤੇ ਪੂਰਵ-ਅਧਿਕਾਰਿਤ ਭੁਗਤਾਨ ਅਤੇ ਬਿਲ ਭੁਗਤਾਨਾਂ ਦਾ ਡੈਬਿਟ ਵਾਲਾ ਹਿੱਸਾ, *ਇੰਟਰੈਕ* ABM ਅਤੇ *ਪਲਸ* ਵਿਦਡਰਾਅਲਾਂ, *ਇੰਟਰੈਕ* ਡਾਇਰੈਕਟ ਪੇਅਮੈਂਟ ਖਰੀਦਦਾਰੀ, NYCE ਡੈਬਿਟ ਪੇਅਮੈਂਟ ਖਰੀਦਦਾਰੀ, *ਇੰਟਰੈਕ* ਈ-ਮੇਲ ਮਨੀ ਟਰਾਂਸਫਰਾਂ ਅਤੇ *ਇੰਟਰੈਕ* ਔਨਲਾਈਨ ਪੇਅਮੈਂਟਾਂ।

24 ਕੰਮਪੈਨੀਅਨ ਸੇਵਿੰਗਸ/ਯੂਥ ਐਕਾਊਂਟਸ। ਵਿਆਜ ਮਾਸਿਕ ਅਦਾ ਕੀਤਾ ਜਾਂਦਾ ਹੈ ਮਹੀਨੇ ਦੇ ਅਖੀਰਲੇ ਦਿਨ ਹੇਠਾਂ ਦਿੱਤੇ ਟਾਇਰਾਂ ਉਤੇ: ਟਾਇਰ 1: $0 ਤੋਂ $4,999.99, ਟਾਇਰ 2: $5,000 ਅਤੇ ਉਤੇ। ਵਿਆਜ ਕੱਢਿਆ ਜਾਵੇਗਾ ਹਰੇਕ ਟਾਇਰ ਦੇ ਵਿਆਜ ਦਰ ਨੂੰ ਉਸ ਟਾਇਰ ਦੇ ਰੋਜ਼ਾਨਾਂ ਕਲੋਸਿੰਗ ਬੈਲੇਂਸ ਦੇ ਹਿੱਸੇ ਨਾਲ ਗੁਣਾ ਕਰਕੇ।

25 ਟਾਇਰ ਸੇਵਿੰਗਸ ਐਕਾਊਂਟਸ (Tier Savings Account)। ਵਿਆਜ ਮਾਸਿਕ ਅਦਾ ਕੀਤਾ ਜਾਂਦਾ ਹੈ ਮਹੀਨੇ ਦੇ ਅਖੀਰਲੇ ਦਿਨ ਹੇਠਾਂ ਦਿੱਤੇ ਟਾਇਰਾਂ ਉਤੇ: ਟਾਇਰ 1: $0 ਤੋਂ $2,999.99, ਟਾਇਰ 2: $3,000 ਤੋਂ $4,999.99, ਟਾਇਰ 3: $5,000 ਤੋਂ $9,999.99 ਟਾਇਰ 4: $10,000 ਤੋਂ $24,999.99, ਟਾਇਰ 5: $25,000 ਤੋਂ $59,999.99, ਬੋਨਸ ਟਾਇਰ - ਟਾਇਰ 6: $60,000 ਤੋਂ $99,999.99, ਟਾਇਰ 7: $100,000 ਅਤੇ ਉਤੇ। ਟਾਇਰ 1 ਤੋਂ 5 ਲਈ, ਵਿਆਜ ਦਰ ਤੁਹਾਡੇ ਕੁਲ ਰੋਜ਼ਾਨਾ ਕਲੋਸਿੰਗ ਬੈਲੇਂਸ ਉਤੇ ਅਦਾ ਕੀਤਾ ਜਾਂਦਾ ਹੈ। ਜਦੋਂ ਤੁਹਾਡਾ ਬੈਲੇਂਸ ਟਾਇਰ 6 ਜਾਂ 7 ਵਿੱਚ ਆ ਜਾਂਦਾ ਹੈ, ਤੁਸੀਂ ਟਾਇਰ 5 ਵਿਆਜ ਦਰ ਕਮਾਉਂਦੇ ਹੋ $59,999.99 ਉਤੇ, ਨਾਲ ਹੀ ਬੋਨਸ ਵਿਆਜ ਆਪਣੇ ਰੋਜ਼ਾਨਾ ਕਲੋਸਿੰਗ ਬੈਲੇਂਸ ਦੇ ਹਿੱਸੇ ਉਤੇ ਟਾਇਰ 6 ਅਤੇ 7 ਦੇ ਵਿਚਕਾਰ।

26 ਟਰਾਂਸੈਕਸ਼ਨਾਂ ਹਨ ਵਿਦਡਰਾਅਲ, ਟਰਾਂਸਫਰਾਂ, ਚੈਕ, ਪੂਰਵ-ਅਧਿਕਾਰਿਤ ਭੁਗਤਾਨ, ਬਿਲ ਭੁਗਤਾਨ, ਇੰਟਰੈਕ ਡਾਇਰੈਕਟ ਪੇਅਮੈਂਟ ਖਰੀਦਦਾਰੀ, NYCE ਡੈਬਿਟ ਪੇਅਮੈਂਟ ਖਰੀਦਦਾਰੀ, *ਇੰਟਰੈਕ* ABM ਅਤੇ *ਪਲਸ* ਸਿਸਟਮ ਵਿਦਡਰਾਅਲ, *ਇੰਟਰੈਕ* ਈ-ਮੇਲ ਮਨੀ ਟਰਾਂਸਫਰ ਅਤੇ *ਇੰਟਰੈਕ* ਔਨਲਾਈਨ ਪੇਅਮੈਂਟਾਂ।

27 ਗਾਰੰਟੀਡ ਇਨਵੈਸਟਮੈਂਟ ਐਕਾਊਂਟ (Guaranteed Investment Account -GIA)। ਵਿਆਜ ਮਾਸਿਕ ਅਦਾ ਕੀਤਾ ਜਾਂਦਾ ਹੈ ਮਹੀਨੇ ਦੇ ਅਖੀਰਲੇ ਦਿਨ ਹੇਠਾਂ ਦਿੱਤੇ ਟਾਇਰਾਂ ਉਤੇ: ਟਾਇਰ 1: $0 ਤੋਂ $999.99 ਟਾਇਰ 2: $1,000 ਤੋਂ $4,999.99 ਟਾਇਰ 3: $5,000 ਤੋਂ $9,999.99 ਟਾਇਰ 4: $10,000 ਤੋਂ $24,999.99, ਟਾਇਰ 5: $25,000 ਤੋਂ $59,999.99, ਟਾਇਰ 6: $60,000 ਅਤੇ ਉਤੇ। ਹਰੇਕ ਟਾਇਰ ਲਈ ਵਿਆਜ ਤੁਹਾਡੇ ਕੁੱਲ ਰੋਜ਼ਾਨਾ ਕਲੋਸਿੰਗ ਬੈਲੇਂਸ ਉਤੇ ਅਦਾ ਕੀਤਾ ਜਾਂਦਾ ਹੈ।

28 ਕੇਵਲ 19 ਸਾਲ ਦੀ ਉਮਰ ਤੋਂ ਹੇਠਾਂ ਦੇ ਵਿਅਕਤੀਆਂ ਨੂੰ ਉਪਲਬਧ।

29 U.S. ਟਰਾਂਸੈਕਸ਼ਨਾਂ ਵਿੱਚ ਸ਼ਾਮਿਲ ਹੈ ਵਿਦਡਰਾਅਲਸ, ਟਰਾਂਸਫਰਾਂ ਅਤੇ ਚੈਕ। ਬੈਂਕਿੰਗ ABM ਮਸ਼ੀਨਾਂ ਦੇ ਰਾਹੀ, *ਇੰਟਰੈਕ* ਡਾਇਰੈਕਟ ਪੇਅਮੈਂਟ ਖਰੀਦਦਾਰੀ, NYCE ਡੈਬਿਟ ਪੇਅਮੈਂਟ ਖਰੀਦਦਾਰੀ, *ਪਲਸ* ਸਿਸਟਮ, *ਇੰਟਰੈਕ* ਈ-ਮੇਲ ਮਨੀ ਟਰਾਂਸਫਰਾਂ ਅਤੇ *ਇੰਟਰੈਕ* ਔਨਲਾਈਨ ਪੇਅਮੈਂਟ ਉਪਲਬਧ ਨਹੀਂ ਹਨ।

30 ਹੇਠ ਲਿਖਿਆਂ, TD ਲਾਈਫ ਇਨਸ਼ੁਰੈਂਸ ਕੰਪਨੀ (TD Life Insurance Company) ਵਲੋਂ।

31 ਕਿਊਬੈਕ ਵਿੱਚ ਉਪਲਬਧ ਨਹੀਂ

32 U.S. ਡਾਲਰ ਰੋਜ਼ਾਨਾਂ ਵਿਆਜ ਚੈਕਿੰਗ ਐਕਾਊਂਟ (U.S. Dollar Daily Interest Chequing Account)। ਵਿਆਜ ਮਾਸਿਕ ਅਦਾ ਕੀਤਾ ਜਾਂਦਾ ਹੈ, ਮਹੀਨੇ ਦੇ ਅਖੀਰਲੇ ਦਿਨ, ਹੇਠਾਂ ਦਿੱਤੇ ਟਾਇਰਾਂ ਉਤੇ: ਟਾਇਰ 1: $0 ਤੋਂ $499.99, ਟਾਇਰ 2: $500 ਤੋਂ $999.99, ਟਾਇਰ 3: $1,000 ਤੋਂ $2,999.99, ਟਾਇਰ 4: $3,000 ਤੋਂ $4,999.99, ਟਾਇਰ 5: $5,000 ਤੋਂ $9,999.99, ਟਾਇਰ 6: $10,000 ਤੋਂ $24,999.99, ਟਾਇਰ 7: $25,000 ਤੋਂ $59,999.99, ਟਾਇਰ 8: $60,000 ਅਤੇ ਉਤੇ। ਵਿਆਜ ਕੱਢਿਆ ਜਾਵੇਗਾ ਹਰੇਕ ਟਾਇਰ ਦੇ ਵਿਆਜ ਦਰ ਨੂੰ ਉਸ ਟਾਇਰ ਦੇ ਰੋਜ਼ਾਨਾਂ ਕਲੋਸਿੰਗ ਬੈਲੇਂਸ ਦੇ ਹਿੱਸੇ ਨਾਲ ਗੁਣਾ ਕਰਕੇ।

* ਵੀਜ਼ਾ ਇੰਟਰਨੈਸ਼ਨਲ ਸਰਵਿਸ ਐਸੋਸੀਏਸ਼ਨ / ਲਾਇਸੈਂਸ ਹੇਠਾਂ ਵਰਤੋਂ।

® ਟਰੇਡ ਮਾਰਕ, ਇੰਟਰੈਕ ਇਨਕ. ਦਾ, TD ਕੈਨੇਡਾ ਟਰਸੱਟ ਟਰੇਡ-ਮਾਰਕ ਦਾ ਅਧਿਕਾਰਿਤ ਯੂਜ਼ਰ।

®1 NYCE ਅਤੇ NYCE ਲੋਗੋ ਟਰੇਡਮਾਰਕ ਹਨ NYCE ਕਾਰਪੋਰੇਸ਼ਨ ਦੇ। ਦੀ ਟੋਰਾਂਟੋ-ਡੋਮਿਨਿਅਨ ਬੈਂਕ ਇੱਕ ਅਧਿਕਾਰਿਤ ਯੂਜ਼ਰ ਹੈ।

† ਟਰੇਡ ਮਾਰਕ, TD ਮੋਰਟਗੇਜ ਕਾਰਪੋਰੇਸ਼ਨ (TD Mortgage Corporation) ਦਾ।

™ ਟਰੇਡ ਮਾਰਕ, ਦੀ ਕੈਨੇਡਾ ਟਰਸੱਟ ਕੰਪਨੀ (The Canada Trust Company) ਦਾ।

⊛ ਟਰੇਡ ਮਾਰਕ, ਦੀ ਟੋਰਾਂਟੋ-ਡੋਮਿਨਿਅਨ ਬੈਂਕ ਦਾ।

**ਦਰਾਂ, ਫੀਸ ਅਤੇ ਫੀਚਰ ਮਾਰਚ 17, 2008 ਤਕ ਦੇ ਹਨ ਅਤੇ ਬਦਲੀ ਹੋ ਸਕਦੇ ਹਨ।**

**♦ ਦਰਾਂ, ਫੀਸ ਅਤੇ ਫੀਚਰ ਮਈ 1, 2008 ਤਕ ਦੇ ਹਨ ਅਤੇ ਬਦਲੀ ਹੋ ਸਕਦੇ ਹਨ।**

ਇਹ ਕੇਵਲ ਇੱਕ ਪੰਜਾਬੀ ਅਨੁਵਾਦ ਹੈ, ਅਫ਼ੀਸ਼ਲ ਅੰਗਰੇਜ਼ੀ ਕਾਪੀ ਸ਼ਾਸਨ ਕਰਦੀ ਹੈ।

ਹੋਰ ਜਾਣਕਾਰੀ ਲਈ, ਕਿਰਪਾ ਕਰਕੇ
1-877-483-8055
'ਤੇ ਫੋਨ ਕਰੋ TTY (ਟੈਕਸਟ ਟੈਲੀਫੋਨ)
1-800-361-1180
ਸਾਡੀ ਵੈਬਸਾਈਟ
www.tdcanadatrust.com
'ਤੇ ਜਾਓ ਜਾਂ ਸਾਡੀ ਸ਼ਾਖਾ ਵਿੱਚ ਆਓ।

TD Canada Trust
ਬੈਂਕਿੰਗ ਇੰਨੀ ਆਰਾਮਦੇਹ ਹੋ ਸਕਦੀ ਹੈ

FSC Mixed Sources
Product group from well-managed forests, controlled sources and recycled wood or fiber
www.fsc.org Cert no. SGS-COC-004043
© 1996 Forest Stewardship Council
10%

525804(0208)